# ਸ੍ਰੀ ਅਕਾਲ ਤਖ਼ਤ ਸਾਹਿਬ - ਸਿੱਖ ਸਰਬਉਚਤਾ ਕੇਂਦਰ

**ਸਰਦਾਰ ਦਰਸ਼ਨ ਸਿੰਘ**

ਸ੍ਰੀ ਗੁਰੂ ਨਾਨਕ ਜੀ ਦੀ ਵਰੋਸੋਈ ਸਿੱਖੀ ਦਾ ਬੂਟਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਪੂਰਾ ਪ੍ਰਫੁਲਤ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਨੇ ਸ਼ਬਦ ਗੁਰੂ ਦੀ ਸਹੀ ਤਸਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਿੱਖ ਪੰਥ ਦੀ ਝੋਲੀ ਵਿਚ ਪਾਈ। ਗੁਰਮਤਿ ਦੀ ਇਹ ਭਰੀ ਹੋਈ ਝੋਲੀ ਆਪਣੀ ਖੁਸ਼ਬੋ ਆਪਣੀ ਤਾਕਤ ਦੂਰ ਦੁਰਾਡੇ ਦੇਸ਼ਾਂ ਵਿਚ ਆਪਣੇ ਆਪ ਫੈਲਦੀ ਜਾ ਰਹੀ ਸੀ। ਹਰ ਰੋਜ਼ ਇਸ ਅੰਮ੍ਰਿਤਸਰ ਦੀ ਨਗਰੀ ਨੂੰ ਭਾਗ ਲਾਉਣ ਲਈ ਅਤੇ ਆਪਣੇ ਗੁਰਾਂ ਦੇ ਦਰਸ਼ਨ ਕਰਨ ਲਈ, ਉਨ੍ਹਾਂ ਵਲੋਂ ਵੰਡੀ ਜਾ ਰਹੀ ਕਸਤੂਰੀ ਨੂੰ ਪ੍ਰਾਪਤ ਕਰਨ ਲਈ ਬੇਸ਼ੁਮਾਰ ਸੰਗਤਾਂ ਪਹੁੰਚ ਰਹੀਆਂ ਸਨ। ਜਲੌਅ ਦੇ ਇਸ ਵਗਦੇ ਵਹਾਉ ਨੂੰ ਪਛਾਨਣ ਤੇ ਸਮਝਣ ਲਈ ਕਈ ਮੁਖਾਲਫ ਤਾਕਤਾਂ ਜ਼ੋਰ ਅਜ਼ਮਾਈ ਲਈ ਤਰਲੋ-ਮੱਛੀ ਹੋਣ ਲੱਗੀਆਂ। ਆਖਰ ਸਰਕਾਰਾਂ ਦੀ ਬਣਤਰ ਆਪਣੇ ਸੌੜੇ ਕਾਰਨਾਮਿਆਂ ਤੇ ਉੱਤਰ ਕੇ ਪੰਚਮ ਪਾਤਸ਼ਾਹ ਵਲੋਂ ਬਣਾਏ ਕਲਯੁੱਗ ਦੇ ਜਹਾਜ਼ ਤੋਂ ਨਰਾਜ਼ ਹੋ ਕੇ ਬਹਾਨਿਆਂ ਦੀ ਭਾਲ ਵਿਚ ਤੁਰ ਪਈਆਂ। ਮੌਕਾ ਤਾੜਕੇ ਕੋਈ ਦੋ ਸਾਲ ਦੇ ਅਰਸੇ ਵਿਚ ਹੀ ਅੰਮ੍ਰਿਤਸਰ ਤੋਂ ਸੱਦਾ ਭੇਜ ਕੇ ਲਾਹੌਰ ਸ਼ਹਿਰ ਵਿਖੇ ਸਰਕਾਰਾਂ ਤੇ ਸਰਕਾਰ ਦੇ ਕਾਰਕੁਨਾਂ ਨੇ ਸਿੱਖ ਜਗਤ ਵਿਚ ਪਹਿਲੀ ਅਤੇ ਸਰਵਉੱਚ ਸ਼ਹੀਦੀ ਦੀ ਨੀਂਹ ਰੱਖ ਦਿਤੀ ਅਤੇ ਆਪਣੇ ਚਿਤੋਂ ਬੇਪਛਾਣ, ਬੇਸਮਝ ਹੋਂਦ ਦਾ ਖਦਸ਼ਾ ਪ੍ਰਗਟਾਉਂਦਿਆਂ ਹੋਇਆਂ, ਪੰਚਮ ਪਾਤਸ਼ਾਹ ਨੂੰ ਆਪਣੇ ਮਿਸ਼ਨ ਦਾ ਰੋੜਾ ਸਮਝਕੇ ਹਟਾਉਣ ਦਾ ਮੁਢਲਾ ਉਪਰਾਲਾ ਕੀਤਾ ਅਤੇ ਗੁਰਾਂ ਨੂੰ ਭੌਤਿਕ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ। ਸਾਰੇ ਪੰਜਾਬ ਵਿਚ, ਦੂਰ-ਦੁਰਾਡੇ ਦੇਸ਼ਾਂ ਵਿਚ ਹਾਹਾਕਾਰ ਮਚ ਗਈ। ਕਈਆਂ ਨੇ ਹਾਅ ਦਾ ਨਾਹਰਾ ਮਾਰਿਆ। ਸਰਕਾਰ ਹਰ ਰੋਜ਼, ਹਰ ਗਰੂਰ, ਹਰ ਹੀਲੇ, ਹਰ ਵਕਤ, ਗੁਰਮਤਿ ਦੀ ਲਹਿਰ ਨੂੰ ਦਬਾਉਣ ਲਈ ਤਤਪਰ ਰਹਿੰਦੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕਲੌਤਾ ਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕੇਵਲ ਗਿਆਰਾਂ ਕੁ ਸਾਲ ਦਾ ਗਭਰੂ ਰੱਬੀ ਜੋਤ ਨਾਲ ਭਰਪੂਰ, ਅਕਾਲ ਪੁਰਖ ਦੇ ਭਾਣੇ ਨੂੰ ਮੰਨਣਵਾਲਾ ਅਡੋਲ ਗੁਰੂਆਂ ਦੀ ਸ਼ਹੀਦੀ ਨੂੰ ਵੇਖ ਰਿਹਾ ਹੈ। ਗੁਰਗੱਦੀ ਪ੍ਰਾਪਤ ਹੋਈ, ਪਿਤਾ ਪੂਤ ਮਿਲ ਕੀਨੀ ਸਾਂਝ, ਉਨ੍ਹਾਂ ਦੀ ਤੋਰੀ ਹੋਈ ਗੁਰਸਿੱਖੀ ਨੂੰ ਇਉਂ ਕਹਿ ਕੇ ਤੋਰਨ ਲਗੇ।

ਜੋ ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨਾਂ ਨੂੰ ਆਵੇ, ਇਸ਼ਨਾਲ ਕਰੇ, ਲੰਗਰ ਛਕੇ, ਜਪੁਜੀ ਪੜ੍ਹੇ-ਸੁਣੇ, ਨਿਤਨੇਮੀ ਬਣੇ, ਫਿਰ ਸੰਗਤ ਵਿਚ ਗੁਰਾਂ ਦੇ ਦਰਸ਼ਨ ਕਰੇ। ਭਗਤੀ ਤੇ ਸ਼ਕਤੀ ਦਾ ਸੁਮੇਲ ਹੋਣ ਲੱਗਾ। ਦਰਬਾਰ ਦੇ ਸਾਹਮਣੇ, ਕਦਮਾਂ ਦੀ ਗਿਣਤੀ ਮਿਣਤੀ ਕਰਕੇ, ਰੂਹਾਨੀ ਸ੍ਰੋਤ ਦੇ ਸਨਮੁੱਖ, ਅਕਾਲ ਤਖ਼ਤ ਦੀ ਨੀਂਹ ਆਪਣੇ ਹੱਥੀਂ ਰੱਖੀ ਅਤੇ ਉਸਦੀ ਉਸਾਰੀ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਕਾਂਡੀ- ਤੇਸੀ ਚੁੱਕੀ, ਭਾਈ ਗੁਰਦਾਸ ਇੱਟਾਂ ਦੀ ਸੇਵਾ ਕਰਦੇ ਰਹੇ ਅਤੇ ਬਾਬਾ ਬੁੱਢਾ ਜੀ ਨੇ ਗਾਰਾ ਢੋਣ ਦੀ ਸੇਵਾ ਕੀਤੀ। ਗੁਰਾਂ ਅਤੇ ਗੁਰਸਿੱਖਾਂ ਨੇ ਆਪ ਮਿਲਕੇ ਅਕਾਲ ਤਖ਼ਤ ਬੁੰਗਾ ਉਸਾਰਿਆ। ਭਗਤੀ ਦੇ ਨਿਸ਼ਾਨੇ ਨੂੰ ਸ਼ਕਤੀ ਦੇ ਨਿਸ਼ਾਨੇ ਵਿਚ ਬਦਲਣ ਤੋਂ ਪਹਿਲਾਂ, ਪਹਿਲੀ ਸੇਧ ਦਰਬਾਰ ਤੋਂ ਪ੍ਰਾਪਤ ਕੀਤੀ ਜਾਵੇ ਅਤੇ ਇਸ ਆਸ਼ੇ ਨੂੰ ਸੰਪੂਰਨ ਕਰ ਦਿਤਾ:

ਦੋ ਤਲਵਾਰਾਂ ਬੱਧੀਆਂ, ਇੱਕ ਮੀਰੀ ਦੀ ਇਕ ਪੀਰੀ ਦੀ।

ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਅਕਾਲ ਬੁੰਗਾ ਤਿਆਰ ਕਰਵਾ ਕੇ ਸਿੱਖ ਸੰਗਤਾਂ ਨੂੰ ਬੀਰ ਰਸੀ ਵਾਰਾਂ ਰਾਹੀਂ ਭਗਤੀ ਨੂੰ ਸ਼ਕਤੀ ਰਾਹੀਂ ਨਿਖਾਰਨ ਲਈ ਆਦੇਸ਼ ਜਾਰੀ ਕਰਨੇ ਸ਼ੁਰੂ ਕਰ ਦਿਤੇ। ਉਸ ਸਮੇਂ ਤੋਂ ਲੈਕੇ ਸਿੱਖਾਂ ਲਈ, ਅੱਜ ਤੱਕ ਅਕਾਲ ਤਖ਼ਤ ਤੋਂ ਜੋ ਵੀ ਹੁਕਮ ਹੋਇਆ, ਜੋ ਸੁਨੇਹਾ ਪ੍ਰਾਪਤ ਹੋਇਆ, ਸਿੱਖਾਂ ਨੇ ਆਪਣੀਆਂ ਕੁਰਬਾਨੀਆਂ ਕਰ ਕੇ ਉਸ ਆਦਰਸ਼ ਨੂੰ, ਉਸ ਆਦੇਸ਼ ਨੂੰ ਸਿਰੇ ਚਾੜ੍ਹਿਆ। ਕੋਈ ੪੦੦ ਸਾਲਾਂ ਤੋਂ ਚੱਲੀ ਆਉਂਦੀ ਪ੍ਰਥਾ ਨੂੰ ਸਿੱਖ ਜਗਤ ਨੇ ਸਿਰ ਮੱਥੇ ਮੰਨਿਆ ਅਤੇ ਹਰ ਹੁਕਮ ਨੂੰ ਇਲਾਹੀ ਹੁਕਮ ਸਮਝਿਆ। ਸਮੇਂ ਨੇ ਐਸੀ ਕਰਵੱਟ ਲਈ ਕਿ ਸਿੱਖ ਸੰਗਤਾਂ ਨੂੰ ਇਸ ਇਲਾਹੀ

* ਮਕਾਨ ਨੰਬਰ 1698, ਸੈਕਟਰ 61, ਫੇਜ਼ 7, ਮੁਹਾਲੀ (ਚੰਡੀਗੜ੍ਹ)। ਫੋਨ (0172) 2265436

ਸਰੋਤ ਤੋਂ ਹੋਏ ਹੁਕਮਾਂ ਨੂੰ ਪਰਖਣ ਦੀ ਲੋੜ ਸਮਝਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅੱਜ ਸਿੱਖ ਵਿਦਵਾਨ, ਸੂਝਵਾਨ ਸਿੱਖ ਚਿੰਤਕ ਇਸ ਵਿਸ਼ੇ ਤੇ ਵਿਚਾਰ ਕਰਨ ਲਈ ਇਕੱਠੇ ਹੋ ਰਹੇ ਹਨ ਕਿ ਅਕਾਲ ਤਖ਼ਤ ਦੀ ਮਾਣ ਮਰਿਆਦਾ ਉਸੇ ਤਰ੍ਹਾਂ ਹੀ ਸਿਖਰ ਛੋਹਾਂ ਤੱਕ ਰੱਖੀ ਜਾਵੇ ਜਿਵੇਂ ਸਦੀਆਂ ਤੋਂ ਚਲੀ ਆ ਰਹੀ ਹੈ। ਸਿੱਖਾਂ ਦੇ ਹੋਰ ਤਖ਼ਤਾਂ ਦੇ ਸਨਮੁੱਖ ਅਕਾਲ ਤਖ਼ਤ ਦੀ ਸਰਬਉਚਤਾ ਬਰਕਰਾਰ ਰੱਖੀ ਜਾਵੇ ਅਤੇ ਸਿੱਖ ਪੰਥ ਲਈ ਅਕਾਲ ਤਖ਼ਤ ਦੀ ਸਰਵਉੱਚਤਾ ਨਿਰਸੰਦੇਹ ਉਸੇ ਤਰ੍ਹਾਂ ਮਹੱਤਵਪੂਰਨ ਰਹੇ ਜਿਵੇਂ ਗੁਰੂ ਵਰੋਸੋਏ ਪੰਥ ਨੇ ਸ਼ੁਰੂ ਕੀਤੀ ਸੀ।

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ ॥
ਰਸਕਸ ਰੂਪ ਨਾ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ ॥
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ ॥
ਗੁਰ ਗੋਬਿੰਦੁ ਗੋਬਿੰਦੁ ਗੁਰੁ ਹਰਿਗੋਵਿੰਦ ਸਦਾ ਵਿਗਸੰਦਾ ॥
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ ॥
ਗੁਰਮੁੱਖ ਮਾਰਗਿ ਚਲਣਾ ਖੰਡੇਧਾਰ ਕਾਰ ਨਿਬਹੰਦਾ ॥
ਗੁਰ ਸਿਖਲੈ ਗੁਰਸਿਖੁ ਚਲੰਦਾ ॥ ੧੧/੨੪॥

ਅਜੋਕੇ ਸਮੇਂ ਵਿਚ ਸਿੱਖ ਧਰਮ ਆਪਣੀਆਂ ਹੀ ਪਰੰਪਰਾਵਾਂ, ਰਹਿਤ ਮਰਯਾਦਾ, ਮੂਲ ਧਾਰਨਾ, ਖਾਲਸਾਈ ਢੰਗ ਤਰੀਕਿਆਂ ਤੋਂ ਉਖੱੜ ਰਿਹਾ ਹੈ। ਸਿੱਖ ਸੰਸਥਾਵਾਂ ਜਿਥੇ ਜੁੜਨੀਆਂ ਸਨ, ਉਥੇ ਜੁੜੀਆਂ ਨਹੀਂ , ਜਿਥੇ ਜੁੜੀਆਂ ਹਨ, ਉਹ ਸਿੱਖ ਧਾਰਮਿਕ ਅਸਥਾਨ ਨਹੀਂ। ਪੱਛਮੀਂ ਮੁਲਕਾਂ ਦੀ ਸਭਿਅਤਾ, ਬੋਲੀ, ਬੌਧਿਕਤਾ, ਰਹਿਣੀ ਬਹਿਣੀ, ਇਕੱਲਾ ਪਰਿਵਾਰ, ਇਕੱਲੀ ਮਿਲਣੀ ਯਾਨੀ ਆਪੋ-ਧਾਪ ਦੀ ਗੰਢ ਵਿਚ ਪਕੜਿਆ ਜਕੜਿਆ ਜਾ ਰਿਹਾ ਹੈ। ਬਦਲਦੇ ਹਾਲਤਾਂ ਵਿਚ ਸਿੱਖੀ ਦੇ ਬੁਨਿਆਦੀ ਢਾਂਚੇ ਨੂੰ ਛੱਡਕੇ ਹੋਰਾਂ ਦੇ ਤੌਰ ਤਰੀਕਿਆਂ ਅਨੁਸਾਰ ਹੀ ਰਹਿਨੁਮਾਈ ਦੀ ਡੋਰ ਖਿਚ ਰਹੇ ਹਾਂ। ਆਪਣੇ ਅਸੂਲ, ਆਪਣੇ ਮੂਲ, ਆਪਣੀਆਂ ਸਿਖਿਆਵਾਂ ਨੂੰ ਛੱਡਕੇ ਉਸ ਵਹਾ ਵਿਚ ਵਹਿ ਤੁਰੇ ਹਾਂ, ਜਿਸਦਾ ਸਾਡੇ ਸਿੱਖ ਸਮਾਜ ਨਾਲ ਦੂਰ ਦਾ ਵੀ ਵਾਸਤਾ ਨਹੀਂ। ਗੁਰੂ ਨਾਨਕ ਦਾ ਧਰਮ ਸਮਾਜ ਦਾ ਅੰਗ ਹੈ। ਗੁਰੂ ਨਾਨਕ ਦੇ ਧਰਮ ਨੇ ਸਮਾਜ ਦੇ ਅੰਗ-ਸੰਗ ਰਹਿ ਕੇ ਸਮਾਜ ਨੂੰ ਸੁਚੱਜੇ ਅਮਲ ਦੀ ਪ੍ਰੇਰਣਾ ਦੇਣੀ ਹੈ। ਆਪਣੇ ਪਰਿਵਾਰ ਦੀ ਬਣਤਰ ਸਿੱਖੀ ਰਹਿਣੀ ਬਹਿਣੀ ਅਨੁਸਾਰ ਬਣਾਉਣੀ ਹੈ। ਸਿੱਖੀ ਸਿਦਕ ਇਹ ਮਾਰਗ ਦਰਸਾਉਂਦਾ ਹੈ ਕਿ ਪੁੱਤਰ ਆਪਣੇ ਪਿਤਾ ਦੀ ਰਹਿਨੁਮਾਈ ਵਿਚ ਚਲੇ। ਗੁਰਮਤਿ ਅਨੁਸਾਰ ਜੀਵਨ ਬਤੀਤ ਕਰੇ। ਪਿਤਾ ਤੇ ਪੁੱਤ ਇਕੋ ਰਹਿਮਤ ਦੀ ਲੜੀ ਵਿਚ ਪਰੋਏ ਜਾਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਬਤ ੧੭੬੫ ਵਿਚ ਨਾਨਕ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਦਿਤਾ ਅਤੇ ਹੁਕਮ ਹੋਇਆ।

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੁ ਮਾਨਿਓ ਗਰੰਥ ॥

ਅੱਜ ਸਿੱਖ ਪੰਥ ਵਿਚ ਗ੍ਰੰਥ ਦੀ ਛਪਾਈ ਲਈ ਝਗੜੇ। ਗ੍ਰੰਥ ਦੀ ਛਪਾਈ ਪੱਛਮੀਂ ਤਰਜ਼ ਤੇ, ਗ੍ਰੰਥ ਦੀ ਛਪਾਈ ਕਰਨ ਸਮੇਂ ਆਮ ਲਿਖਿਆ ਹੋਇਆ ਪੜਿਆ ਹੈ :-

ਪ੍ਰਿੰਟਿਰਜ਼ ਐਂਡ ਪਬਲਿਸ਼ਰਜ਼, ਗੋਲਡਨ ਆਫਸੈਟੱ ਪ੍ਰੈਸ, ੫੦੦੦ ਕਾਪੀਆਂ

ਕਿੱਥੇ ਗਈ ਗੁਰਿਆਈ ਦੀ ਗੱਲ। ਸ੍ਰੀ ਗੁਰੂ ਗਰੰਥ ਤੋਂ ਲੈ ਕੇ ਸਭ ਪੋਥੀਆਂ, ਗੁਟਕੇ, ਧਾਰਮਿਕ ਪੁਸਤਕਾਂ ਪੱਛਮੀਂ ਲਪੇਟ ਵਿਚ ਆ ਗਏ ਹਨ। ਸਿੱਖਾਂ ਨੂੰ ਇਹ ਵੀ ਚੇਤਾ ਭੁੱਲ ਗਿਆ ਕਿ ੪੦੦ ਸਾਲਾਂ ਤੋਂ ਚਲੀ ਆ ਰਹੀ ਪ੍ਰਥਾ ਨੂੰ ਅੰਗਰੇਜ਼ੀ ਢਾਂਚੇ ਵਿਚ ਕਦੋਂ ਢਾਲਿਆ। ਅੰਗਰੇਜ਼ੀ ਜਾਂ ਪੱਛਮੀਂ ਢਾਂਚੇ ਵਿਚ ਢਲੀ ਹੋਈ ਪਰੰਪਰਾ ਨੂੰ ਨਿਖੇੜਨਾ ਉਨਾ ਹੀ ਔਖਾ ਹੈ ਜਿੰਨਾਂ ਗੁਰਬਾਣੀ ਪ੍ਰਾਪਤ ਕਰਨਾ। ਜੋ ਆਪਣੀ ਸਿੱਖ ਪਨੀਰੀ ਨੂੰ ਸਿਖਾਉਂਦੇ ਹਾਂ, ਉਹੀ ਸਿੱਖਣਗੇ। ਜੋ ਸਿੱਖੋਗੇ ਉਹੀ ਕਰੋਗੇ। ਜੋ ਕਰੋਗੇ ਉਸਨੂੰ ਗੁਰਮਤਿ ਦੀ ਕਸੌਟੀ ਤੇ ਕਿਵੇਂ ਪਰਖੋਗੇ।

ਕੋਈ ਕਿਤਾਬ ਦੇਖੋ, ਉਸ ਵਿਚ ਗੁਰਮੁੱਖੀ ਦੇ ਹਿੰਦਸੇ ਖਤਮ। ਕੋਈ ਪੁਸਤਕ ਪੜੋ, ਉਸ ਵਿਚੋਂ ਚੇਤ ਵਿਸਾਖ ਸੰਗਰਾਂਦ ਵਰ੍ਹੇ ਖਤਮ, ਕੋਈ ਲਿਖਤ ਫੜੋ ਉਸ ਵਿਚ ਈਸਵੀ ਸਾਲ, ਉਸਦੇ ਮਹੀਨੇ, ਉਸ ਦੀਆਂ ਤਰੀਕਾਂ, ਉਸਦੀ ਰਹਿਣੀ ਬਹਿਣੀ ਦੀ ਗੱਲਾਂ, ਸੁਚਾਰੂ ਸੋਚ, ਮੁੱਢਲੀ ਸਿਖਿਆ ਸਭ ਖਤਮ, ਜਦ ਸਾਡਾ ਬੁਨਿਆਦੀ ਢਾਂਚਾ ਹੀ ਬਦਲ ਗਿਆ ਤਾਂ ਅਸੀਂ ਕਿਸਦੇ ਆਸਰੇ ਖੜੇ ਰਹਾਂਗੇ।

ਮੈਨੂੰ ਇਹ ਕਹਿਣ ਵਿਚ ਕੋਈ ਸ਼ਰਮ ਨਹੀਂ ਕਿ ਅਜੋਕੇ ਸਮੇਂ ਸਿਖਾਂ ਦੀ ਕੋਈ ਮੂਲ ਸਿਧਾਂਤਾਂ ਤੇ ਨਿਰਭਰ ਸਿਖਿਆ

ਸੰਸਥਾ ਨਹੀਂ ਹੈ। ਅਕਾਲ ਤਖ਼ਤ ਦੇ ਜਥੇਦਾਰ ਤੋਂ ਲੈ ਕੇ ਪਿੰਡ ਦੇ ਗੁਰਦੁਆਰੇ ਦੇ ਭਾਈ ਤੱਕ ਗੁਰਮਤਿ ਸਿਖਿਆ ਅਣਡਿਠ ਕਰਕੇ ਅੰਗਰੇਜ਼ੀ ਤਰਜ਼ ਤੇ ਸਿਖਿਆ ਦਿਤੀ ਜਾ ਰਹੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਗੁਰਦੁਆਰਿਆਂ ਦੇ ਸਕੂਲਾਂ ਵਿਚ ਹੀ ਗੁਰਮੁੱਖੀ ਅਣਡਿਠ ਕਰਕੇ ਅੰਗਰੇਜ਼ੀ ਕਲੰਡਰਾਂ ਦੀ ਭਰਮਾਰ ਹੈ। ਪਬਲਿਕ ਸਕੂਲਾਂ ਦੇ ਨਾਮ ਹੇਠ ਗੁਰਦੁਆਰਿਆਂ ਵਿਚ ਹੀ ਗੁਰਬਾਣੀ/ਗੁਰਮੁੱਖੀ ਛੱਡਕੇ ਭੋਲੀ ਭਾਲੀ ਸਿੱਖ ਸੰਗਤ ਲੁਟੀ ਜਾ ਰਹੀ ਹੈ। ਹਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਰਗੜ ਰਹੇ ਹਾਂ ਪਰ ਗੁਰਦੁਆਰਿਆਂ ਦੇ ਸਕੂਲਾਂ ਵਿਚ ਹੀ ਆਪਣਿਆਂ ਬੱਚਿਆਂ ਨੂੰ ਗੁਰਮੁੱਖੀ ਪੜ੍ਹਾਉਣ ਤੋਂ ਇਨਕਾਰੀ ਹਾਂ। ਇਹ ਹਨ ਅਜੋਕੇ ਹਾਲਾਤ, ਸਿੱਖ ਧਰਮ ਦੇ ਬੁਨਿਆਦੀ ਢਾਂਚੇ ਦੀ ਹਾਲਤ, ਜਿਸਦੇ ਆਧਾਰ ਤੇ ਇਸ ਸਦੀ ਯਾਨੀ ੨੧ਵੀਂ ਸੰਬਤ ਸਦੀ ਵਿਚ ਦੁਨੀਆਂ ਨੂੰ ਸਿੱਖ ਧਰਮ ਦੀ ਵਡਿਆਈ ਕਰਨੀ ਦੱਸਣੀ ਹੈ ਅਤੇ ਅਕਾਲ ਤਖ਼ਤ ਦੀ ਸਰਬਉੱਚਤਾ ਦਿਖਾਉਂਣੀ ਹੈ।

**ਆਓ ਸਿੱਖ ਸੰਸਥਾਵਾਂ ਦੀ ਭੂਮਿਕਾ ਪਰਖੀਏ :-** ਸ਼੍ਰੋਮਣੀ ਕਮੇਟੀ, ਸਥਾਨਕ ਬੋਰਡ, ਸਥਾਨਕ ਕਮੇਟੀਆਂ, ਸਿੱਖ ਟਕਸਾਲਾਂ, ਸਿੱਖ ਮੱਠ, ਸਿੱਖ ਡੇਰੇ, ਸਿੱਖ ਧੂੰਏਂ, ਸਿੱਖ ਮੰਜੀਆਂ, ਸਿੱਖ ਕੁਰਸੀਆਂ, ਸਿੱਖ ਪੰਘੂੜੇ, ਰਾਮ ਰਾਈਏ, ਅਡੱਣ ਸ਼ਾਹੀਏ, ਨਿਰੰਕਾਰੀਏ, ਸਤਿਕਰਤਾਰੀਏ, ਸਮੂਹ ਸਿੱਖ ਸੰਸਥਾਵਾਂ ਨੇ ਗੁਰਮੁੱਖੀ ਹੱਥੋਂ ਨਿਕਲਦੀ ਦੇਖੀ ਨਹੀਂ। ਜਿਸ ਕੌਮ ਨੂੰ, ਜਿਸ ਧਰਮ ਨੂੰ ਖਤਮ ਕਰਨਾ ਹੋਵੇ, ਉਸਦੀ ਬੋਲੀ ਵਿਗਾੜ ਦਿਓ। ਅਸੀਂ ਆਪਣੀ ਬੋਲੀ ਵਿਗਾੜਨ ਲਈ ਆਪ ਪੱਛਮੀਂ ਸਭਿਅਤਾ ਵਿਚ ਗਲਤਣ ਹੋ ਗਏ ਹਾਂ , ਹਰ ਸੰਸਥਾ ਪੱਛਮੀਂ ਮੁਲਕਾਂ ਵਿਚ ਆਪਣੀ ਸ਼ਾਖਾ ਕਾਇਮ ਕਰਨ ਵਿਚ ਲੱਗੀ ਹੋਈ ਹੈ। ਸਾਨੂੰ ਆਪਣਾ ਲੱਗਿਆ ਹੋਇਆ ਖੋਰ੍ਹਾ ਬੇਸਮਝੀ ਵਿਚ ਚਾਲੂ ਹੈ। ਦਮਦਮੀਂ ਟਕਸਾਲ ਸਿੱਖ ਮਤ ਦੀ ਬੜੀ ਪ੍ਰੋਢ ਅਤੇ ਗੁਰਬਾਣੀ ਦੀ ਸਹੀ ਵਿਆਖਿਆ ਲਈ ਪ੍ਰਸਿੱਧ ਹੈ। ਉਹ ਵੀ ਈਸਵੀ ਸਾਲ ਤੇ ਨਿਰਭਰ ਹੋ ਗਏ ਹਨ। ਪੁਸਤਕਾਂ ਵਿਚ ਗੁਰਮੁੱਖੀ ਹਿੰਦਸੇ ਗਾਇਬ ਹਨ। ਸ਼੍ਰੋਮਣੀ ਕਮੇਟੀ ਅਤੇ ਬੋਰਡਾਂ ਦੀ ਬਣਤਰ ਅੰਗਰੇਜ਼ੀ ਅਤੇ ਸਰਕਾਰੀ ਢਾਂਚੇ ਅਨੁਸਾਰ ਹੈ। ਇਸ ਲਈ ਇਹ ਸਪਸ਼ਟ ਹੋ ਗਿਆ ਹੈ ਕਿ ਸਿੱਖ ਸੰਸਥਾਵਾਂ ਸਿੱਖੀ ਪਰਪਰਾਵਾਂ ਤੋਂ ਉਖੜ ਕੇ ਭਾਰਤ ਦੇ ਸੰਵਿਧਾਨਕ ਢਾਂਚੇ ਅਨੁਸਾਰ ਢਲੀਆਂ ਹਨ। ਅਕਾਲ ਤਖ਼ਤ ਦੀ ਸਰਬਉੱਚਤਾ ਕਿਥੇ ਖਲੋਤੀ ਹੈ। ਸਾਰੇ ਸ਼ੁੱਭਚਿੰਤਕ ਦੁਹਾਈਆਂ ਪਾ ਰਹੇ ਹਨ ਕਿ ਅਕਾਲ ਤਖ਼ਤ ਦੀ ਸਰਬਉੱਚਤਾ ਕਾਇਮ ਰੱਖੀ ਜਾਵੇ। ਜਿਸ ਘੇਰੇ ਵਿਚ ਅਕਾਲ ਤਖ਼ਤ ਆ ਚੁੱਕਾ ਹੈ, ਉਸ ਘੇਰੇ ਨੂੰ ਅਸੀਂ ਹੋਰ ਪਕੇਰਾ ਕਰ ਰਹੇ ਹਾਂ। ਸਿੱਖ ਗੁਰਦੁਆਰਾ ਐਕਟ, ੧੯੨੫, ਹਿੰਦੋਸਤਾਨ ਦੇ ਸੰਵਿਧਾਨ ਅਧੀਨ ਲਿਆਂਦਾ ਗਿਆ ਹੈ। ਗੁਰਦੁਆਰਾ ਐਕਟ ਦੀ ਬੋਲੀ ਦੱਸਦੀ ਹੈ ਕਿ ਸਿੱਖਾਂ ਦੇ ਰਾਜ ਦੇ ਅਧੀਨ ਪੈਂਦੇ ਪੰਜਾਬ ਲਈ ਸਿੱਖ ਰਾਜ ਦੇ ਹਿੱਸੇ ਲਈ ਐਕਟ ਬਣਿਆ ਸੀ ਅਤੇ ਬਾਕੀ ਰਿਆਸਤਾਂ ਵਿਦੇਸ਼ੀ ਸਨ। ਸਾਰੀਆਂ ਸਿੱਖ ਰਿਆਸਤਾਂ ਲਈ ਸਿੱਖਾਂ ਦੀ ਅੰਗਰੇਜ਼ਾਂ ਦੇ ਗੁਲਾਮ ਹੁੰਦਿਆਂ ਸਿੱਖਾਂ ਦੀ ਸ਼੍ਰੇਣੀ ਇਕ ਸੀ। ਅਜ਼ਾਦ ਮੁਲਕ ਕਹੇ ਜਾਣ ਵਾਲੇ ਦੇਸ਼ ਦੇ ਸਿੱਖ ਭਾਈਚਾਰੇ ਨੂੰ ਕਬੀਲਿਆਂ, ਸ਼੍ਰੇਣੀਆਂ ਅਤੇ ਜਾਤਾਂ ਵਿਚ ਵੰਡਿਆ ਗਿਆ ਹੈ। ਗੁਲਾਮੀ ਵੇਲੇ ਸਿੱਖੀ ਦੀ ਸਹੀ ਸੋਚ ਵਧੀ ਫੁਲੀ। ਅਜ਼ਾਦੀ ਵੇਲੇ ਸਿੱਖਾਂ ਦੀ ਸੋਚ ਖੂਹ ਵਿਚ ਪੈ ਗਈ। ਮੇਰੇ ਸਾਹਮਣੇ ਐਕਟ ਨੰਬਰ ੮ ਜੋ ਸੰਨ ੧੯੨੫ ਵਿਚ ਬਣਿਆ, ਪਿਆ **ਹੈ :-**

**ਸਿੱਖ ਗੁਰਦਵਾਰਿਆਂ ਅਤੇ ਮੰਦਰਾਂ ਦੇ ਚੰਗੇਰੇ ਪ੍ਰਬੰਧ ਅਤੇ ਉਨ੍ਹਾਂ ਸਬੰਧੀ ਖੋਜ਼ ਪੜਤਾਲ ਲਈ ਕਾਨੂੰਨ ਬਣੌਣ ਲਈ ਐਕਟ**

ਚੂੰਕਿ ਇਸ ਗੱਲ ਦਾ ਬਾਨਣੂ ਬੰਨਣਾ ਜ਼ਰੂਰੀ ਹੈ ਕਿ ਸਿੱਖ ਗੁਰਦਵਾਰਿਆਂ ਅਤੇ ਮੰਦਰਾਂ ਦਾ ਵਧੇਰੇ ਚੰਗਾਂ ਪ੍ਰਬੰਧ ਕੀਤਾ ਜਾਵੇ, ਉਨ੍ਹਾਂ ਸਬੰਧੀ ਮਾਮਲਿਆਂ ਦੀ ਖੋਜ਼ ਪੜਤਾਲ ਕੀਤੀ ਜਾਇ ਅਤੇ ਝਗੜੇ ਨਬੇੜੇ ਜਾਣ ਅਤੇ ਚੂੰਕਿ ਇਸ ਐਕਟ ਦੇ ਪਾਸ ਕਰਨ ਲਈ ਹਜੂਰ ਗਵਰਨਰ ਦੀ ਆਗਿਆ ਪਹਿਲਾਂ ਪ੍ਰਾਪਤ ਕੀਤੀ ਗਈ ਹੈ, ਇਸ ਲਈ **ਹੇਠ ਲਿਖਿਆ ਐਕਟ** ਪਾਸ ਕੀਤਾ ਜਾਂਦਾ ਹੈ। **ਕੁੱਝ ਅੰਸ਼** ਦੇਖ ਲਓ ਜੀ :

**ਕਾਂਡ - ੧ :** ਦਫਾ - ੧ ਇਸ ਐਕਟ ਦਾ ਨਾਂ ੧੯੨੫ ਵਾਲਾ ਸਿੱਖ ਗੁਰਦੁਵਾਰਾ ਤੇ ਮੰਦਰ ਐਕਟ ਹੋਵੇਗਾ।

**ਕਾਂਡ - ੨ :** ਦਫਾ - ੭ (੩) ਜਾਇਦਾਦ ਦੇ ਦਾਵੇ ਮੁਤਲਅਕ ਦਰਖਾਸਤ।

**ਕਾਂਡ - ੩ :** ਦਫਾ - ੧੬ : ਇਸ ਗੱਲ ਦਾ ਸਭ ਤੋਂ ਪਹਿਲਾਂ ਫੈਸਲਾ ਕੀਤਾ ਜਾਵੇਗਾ ਕਿ ਆਯਾ ਕੋਈ ਅਸਥਾਨ ਸਿੱਖ ਗੁਰਦੁਆਰਾ ਹੈ ਅਤੇ ਏਸ ਗੱਲ ਦਾ ਕਿਸ ਤਰ੍ਹਾਂ ਫੈਸਲਾ ਕੀਤਾ ਜਾਊਗਾ।

**ਕਾਂਡ - ੫ :**ਦਫਾ - ੪੦ - ੪੧: ਗੁਰਦੁਆਰਿਆਂ ਦਾ ਪ੍ਰਬੰਧ ਇਸ ਐਕਟ ਦੇ ਮਨੋਰਥਾਂ ਨੂੰ ਸਿਰੇ ਚਾੜਨ ਲਈ ਬੋਰਡ, ਕਮੇਟੀਆਂ ਅਤੇ ਕਮਿਸ਼ਨਰ ਨਿਯੁਕਤ ਕੀਤੇ ਜਾਣਗੇ।

**ਕਾਂਡ - ੬ :** ਦਫਾ - ੪੩: ਬੋਰਡ ਦੀ ਬਣਾਵਟ।

**ਕਾਂਡ - ੭ :** ਦਫਾ - ੭੦: ਮਨਸਫੀ ਕਮਿਸ਼ਨ ਦਾ ਬਣਾਉਣਾ ਅਤੇ ਕਮਿਸ਼ਨ ਦਾ ਤੋੜਨਾਂ ।

**ਕਾਂਡ - ੮ :** ਦਫਾ - ੮੫ ਗੁਰਦੁਵਾਰਿਆਂ ਦੀਆਂ ਕਮੇਟੀਆਂ ਦੀ ਬਣਤਰ ।

**ਕਾਂਡ - ੯:** ਦਫਾ - ੧੧੯: ਬੋਰਡ ਦਾ ਬਜ਼ਟ । ੧੨੩: ਕਮੇਟੀਆਂ ਦਾ ਬਜ਼ਟ ।

**ਕਾਂਡ - ੧੧ :** ਦਫਾ - ੧੪੦ : ਸਿੱਖ ਗੁਰਦੁਵਾਰੇ ਦੇ ਚੜ੍ਹਾਵੇ ਦੇ ਲਈ ਉਪ ਨਿਯਮ ਬਨਾਉਣ ਦੇ ਲਈ ਕਮੇਟੀ ਦੇ ਅਖਤਿਆਰ ।

**ਕਾਂਡ - ੧੨ :** ਦਫਾ - ੧੪੫: ਬੋਰਡ ਯਾ ਕਮੇਟੀ ਦੀ ਕਾਰਵਾਈ ਰਸਮੀ ਬੇਕਾਇਦਗੀ ਦੀ ਵਜਾ ਤੇ ਨਾਜਾਇਜ਼ ਕਰਾਰ ਨਹੀਂ ਦਿੱਤੀ ਜਾਵੇਗੀ ।

**ਗੁਰਦੁਆਰਾ ਐਕਟ ਦੀਆਂ ਧਾਰਾਵਾਂ ਬੜੀਆਂ ਸਪਸ਼ਟ ਹਨ । ਕੇਵਲ ਦੋ ਗੱਲਾਂ ਤੇ ਹੀ ਜ਼ੋਰ** ਦਿੰਦੀਆਂ ਹਨ । ਇੱਕ ਗੁਰਦਵਾਰਿਆਂ ਦੀ ਜਾਇਦਾਦ ਦਾ **ਪ੍ਰਬੰਧ, ਦੂਜੀ** ਗੁਰਦੁਆਰਿਆਂ ਦੇ **ਚੜ੍ਹਾਵੇ ਦੀ ਵਰਤੋਂ** । ਇਨ੍ਹਾਂ ਦੋਨਾਂ ਮਕਸਦਾਂ ਲਈ ਹੀ ਐਕਟ ਬੋਲਦਾ ਹੈ, ਸੇਧ ਦਿੰਦਾ ਹੈ । ਗਰੀਬ ਦਾਸ ਉਹ ਧਾਰਾ ਲਭ ਰਿਹਾ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਦਾ ਮਨੋਰਥ ਪੂਰਾ ਕਰਨ ਦੀ ਗੱਲ ਅੰਕਿਤ ਕੀਤੀ ਗਈ ਹੋਵੇ । ਮੈਂ ਉਹ ਦਫਾ ਲੱਭ ਰਿਹਾ ਹਾਂ ਜਿਥੇ ਸਿੱਖ/ਸਿੰਘ ਸਜਣ ਲਈ, ਸਿੱਖੀ ਵਿਚਾਰਧਾਰਾ ਫੈਲਾਉਣ ਲਈ, ਸਿੱਖ ਧਰਮ ਦੀ ਵਡੱਤਣ ਦੂਜਿਆਂ ਨੂੰ ਦੱਸਣ ਤੇ ਸਿੱਖ ਫੁਲਵਾੜੀ ਨੂੰ ਵਧਾਉਣ ਲਈ ਗੱਲ ਕਹੀ ਹੋਵੇ ।

ਅਫਸੋਸ! ਸ੍ਰੀ ਗੁਰੂ ਨਾਨਕ ਸਾਹਿਬ ਦਾ ਮਨੋਰਥ ਪੂਰਾ ਕਰਨ ਦੀ ਗੱਲ ਅੰਕਿਤ ਨਹੀਂ ਕੀਤੀ ਗਈ । ਸਿੱਖ ਧਰਮ ਦੀ ਵਡੱਤਣ ਦੂਜਿਆਂ ਨੂੰ ਦੱਸਣ ਤੇ ਸਿੱਖ ਫੁਲਵਾੜੀ ਨੂੰ ਵਧਾਉਣ ਦੀ ਸੇਧ ਅਣਡਿਠ ਕੀਤੀ ਗਈ ਹੈ । ਕੇਵਲ ਚੜ੍ਹਾਵਾ ਤੇ ਜਾਇਦਾਦ ਸਾਂਭਣ ਤੇ ਨਜ਼ਰ ਪਾਈ ਹੈ । ਗੁਰਮਤਿ ਐਸੇ ਵਿਅਕਤੀਆਂ ਦੀ ਦਸ਼ਾ/ਹਾਲਤ ਇਉਂ ਦਰਸਾਉਂਦੀ ਹੈ :-

ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ ॥
ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ ॥
ਬੂਰ ਵਿਣਾਹੇ ਪਾਣੀਐ ਪਉ ਲਾਖਹੁ ਰੁਖੈ ॥
ਜਿਉਂ ਉਦਮਾਟੀ ਅਤੀਸਾਰ ਖਈ ਰੋਗ ਮਨੁਖੈ ॥
ਜਿਉਂ ਜਾਲ ਪੰਖੇਰੂ ਫਾਸਕੇ ਚੁਗਣਦੀ ਭੁਖੈ ॥
ਤਿਉਂ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ ॥
(ਵਾਰਾਂ ਭਾਈ ਗੁਰਦਾਸ ਜੀ ੧੪/੩੫)

ਇੱਥੇ ਹੀ ਬੱਸ ਨਹੀਂ ਚੜ੍ਹਾਵੇ ਦੀ ਮਾਇਆ ਵਲ ਝਾਕਣ ਵਾਲਿਆਂ ਦਾ ਹਸ਼ਰ ਹੁੰਦਾ ਇਉਂ ਦਰਸਾਇਆ ਹੈ :-

ਝਾਕ ਝਕਾਈਐ ਝਾਕਵਾਲ ਕਰਿ ਭਖਅਭਖੀ ॥
ਗੁਰ ਪਰਸਾਦੀ ਉਬਰੇ ਗੁਰਸਿਖਾ ਲਖੀ ॥
(ਵਾਰਾਂ ਭਾਈ ਗੁਰਦਾਸ ਜੀ ੧੫/੩੫)

ਝਾਕੇ ਅੰਦਰ ਝਾਕਸਾਲ ਤਿਸ ਕਿਆ ਨੀਸਾਣੀ ॥
ਜਿਉ ਜਮੁ ਚਟੈ ਗਾਇ ਮਹਿ ਉਹ ਭਰਮ ਭੁਲਾਣੀ ॥

ਜਦ ਤਕ ਸਿੱਖ ਕੌਮ ਦੇ ਨੁਮਾਇੰਦੇ ਗੁਰੂ ਘਰ ਦੀ ਜਾਇਦਾਦ ਅਤੇ ਚੜ੍ਹਾਵੇ ਵਲ ਟੇਕ ਲਾਈ ਰਖਣਗੇ ਤਦ ਤਕ ਉਨ੍ਹਾਂ ਦਾ ਹਸ਼ਰ ਗੁਰਮਤਿ ਵਲੋਂ ਦਿਤੇ ਸੰਕੇਤਾਂ ਵਾਂਗ ਹੀ ਵਾਪਰਦਾ ਰਹੇਗਾ । ਐਸੇ ਆਗੂ ਕਦੇ ਵੀ ਸਹੀ ਦਿਸ਼ਾ ਨਹੀਂ ਦਿਖਾ ਸਕਣਗੇ ।

ਇਸ ਤੋਂ ਇਲਾਵਾ ਸਿੱਖ ਤਖ਼ਤਾਂ ਦੇ ਜੱਥੇਦਾਰ ਦੀ Veto (ਹੁਕਮਨਾਮਾ) ਵਰਗੀ ਹੈਸੀਅਤ ਬਰਕਰਾਰ ਰਹੇ/ਮੰਨੀ ਜਾਵੇ । ਉਨ੍ਹਾਂ ਦੀ ਹੈਸੀਅਤ ਅਤੇ ਰੁਤਬੇ ਅਨੁਸਾਰ, ਉਹ ਸੰਸਥਾਵਾਂ ਦੇ ਨਾਤੇ ਸਾਰੇ ਪੰਥ ਦੀ ਰਹਿਨੁਮਾਈ ਕਰਨ ਕਰਕੇ, ਉਨ੍ਹਾਂ ਦੀ ਚੋਣ ਲਈ ਕੁਝ ਵਿਚਾਰ ਪੇਸ਼ ਹਨ :-

ਸ੍ਰੀ ਅਕਾਲ ਤਖ਼ਤ ਸਾਹਿਬ (ਸਰਵਉੱਚ ਸਿੱਖ ਸੰਸਥਾ)

| | | | |
|---|---|---|---|
| ਪਟਨਾ ਸਾਹਿਬ | ਕੇਸਗੜ੍ਹ ਸਾਹਿਬ | ਹਜ਼ੂਰ ਸਾਹਿਬ | ਦਮਦਮਾ ਸਾਹਿਬ |
| ੧ | ੨ | ੩ | ੪ |

(ਮੌਜੂਦਾ ਢਾਂਚਾ ਕਾਇਮ ਰਹੇ)
ਅਕਾਲ ਤਖ਼ਤ ਦੇ ਜਥੇਦਾਰ ਦੀ ਅਗਲੀ ਚੋਣ
ਕੇਵਲ ੧,੨,੩,੪ ਵਿੱਚੋਂ

ਸਹਾਇਕ ਸੰਸਥਾਵਾਂ ਦੇ ਨੁਮਾਇਦੇ

| | | |
|---|---|---|
| ਸ਼੍ਰੋਮਣੀ ਗੁਰਦਰਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ<br>੫ | ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ<br>੬ | ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ<br>੭ |
| ਗੁਰਦੁਆਰਾ ਪ੍ਰਬੰਧਕ ਕਮੇਟੀ ਬਰਤਾਨੀਆ<br>੮ | ਗੁਰਦੁਆਰਾ ਪ੍ਰਬੰਧਕ ਕਮੇਟੀ ਸੰਯੁਕਤ ਰਾਜ ਅਮਰੀਕਾ<br>੯ | ਗੁਰਦੁਆਰਾ ਪ੍ਰਬੰਧਕ ਕਮੇਟੀ ਕਨੇਡਾ<br>੧੦ |
| ਗੁਰਦੁਆਰਾ ਪ੍ਰਬੰਧਕ ਕਮੇਟੀ ਮਾਲੇਸ਼ੀਆ` ਅਸਟਰੇਲੀਆ<br>੧੧ | ਗੁਰਦੁਆਰਾ ਪ੍ਰਬੰਧਕ ਕਮੇਟੀ ਬਰਮਾ ਬੰਗਲਾਦੇਸ਼<br>੧੨ | ਗੁਰਦੁਆਰਾ ਪ੍ਰਬੰਧਕ ਕਮੇਟੀ ਅਫਰੀਕਾ ਕੀਨੀਆ<br>੧੩ |
| ਗੁਰਦੁਆਰਾ ਪ੍ਰਬੰਧਕ ਕਮੇਟੀ ਬਾਕੀ ਯੁਰਪੀਅਨ ਦੇਸ਼<br>੧੪ | ਗੁਰਦੁਆਰਾ ਪ੍ਰਬੰਧਕ ਕਮੇਟੀ ਦੱਖਣੀ ਅਮਰੀਕਾ<br>੧੫ | ਆਦਿ<br>੧੬ |

**ਜੱਥੇਦਾਰ ਅਕਾਲ ਤਖ਼ਤ**

| | |
|---|---|
| ੧ ਪਟਨਾ ਸਾਹਿਬ | ੨ ਕੇਸਗੜ੍ਹ ਸਾਹਿਬ |
| ੩ ਹਜ਼ੂਰ ਸਾਹਿਬ | ੪ ਦਮਦਮਾ ਸਾਹਿਬ |

- ਚੌਹਾਂ ਤਖ਼ਤਾਂ ਦੇ ਜੱਥੇਦਾਰ ਵਿੱਚੋਂ ਹੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਚੋਣ ਹੋਵੇ।
- ਇਸ ਚੌਣ ਸਮੇਂ ੫ ਤੋਂ ੧੫ ਤੱਕ ਸੰਸਥਾਵਾਂ ਵਿੱਚੋਂ ਇਕ ਇਕ ਵਿਅਕਤੀ ਮੌਜੂਦ ਹੋਵੇ। ਕੋਈ ਰਾਜਨੀਤਿਕ ਪਾਰਟੀ ਜਾਂ ਪਦਵੀ ਦਾ ਵਿਅਕਤੀ ਦਖਲ ਨਹੀਂ ਦੇ ਸਕਦਾ।
- ਜਿੰਨਾ ਚਿਰ ਜਥੇਦਾਰ ਦੀ ਨਿਯੁਕਤੀ ਦਾ ਐਲਾਨ ਨਹੀਂ ਹੁੰਦਾ, ਕਿਸੇ ਵੀ ਸੰਸਥਾ ਦਾ ਨੁਮਾਇੰਦਾ ਇੱਕਤਰਤਾ ਤੋਂ ਬਾਹਰ ਨਹੀਂ ਜਾ ਸਕੇਗਾ ਅਤੇ ਨਾ ਹੀ ਕਿਸੇ ਬਾਹਰ ਦੇ ਨਾਲ ਕੋਈ ਸੰਪਰਕ ਕਰ ਸਕੇਗਾ।
- ਬੈਠਕ ਚਾਰਾਂ ਤਖ਼ਤਾਂ ਵਿੱਚੋਂ ਕਿਸੇ ਇਕ ਤਖ਼ਤ ਉਤੇ ਹੋਵੇਗੀ। ਜੱਥੇਦਾਰ ਦੀ ਨਿਯੁਕਤੀ ਉਪਰੰਤ ਨਗਰ ਕ ੀਰਤਨ ਦੀ ਸ਼ਕਲ ਵਿੱਚ ਸਮੂਹ ੧੫ ਨੁਮਾਇੰਦੇ ਸਮੇਤ ਅਕਾਲ ਤਖ਼ਤ ਦਾ ਜਥੇਦਾਰ ਅਕਾਲ ਤਖ਼ਤ ਪਹੁੰਚਣਗੇ।
- ਦਸਤਾਰਬੰਦੀ ਗੁਰਮਰਯਾਦਾ ਅਨੁਸਾਰ ਹੋਵੇਗੀ।

ੳ. ਅਕਾਲ ਤਖ਼ਤ ਦਾ ਜਥੇਦਾਰ ਕੋਈ ਸੰਸਥਾ ਜਾਂ ਕਮੇਟੀ ਨਹੀਂ ਹਟਾ ਸਕੇਗੀ – Veto ਹੁਮਕਨਾਮਾ

ਅ. ਜੇਕਰ ਜਥੇਦਾਰ ਆਪ ਅਹੁਦਾ ਛੱਡੇ ਤਾਂ ਉਸਦਾ:

੧. ਮਾਣ ਭੱਤਾ ਸਦਾ ਲਈ ਕਾਇਮ ਰਹੇਗਾ।

੨. ਚਾਰੇ ਤਖ਼ਤਾਂ ਉਤੇ ਸਿੱਖੀ ਪ੍ਰਚਾਰ ਦਾ ਹਾਮੀ ਰਹੇਗਾ। ਹਟਣ ਉਪਰੰਤ ਇਕ ਸਾਲ ਸੇਵਾ ਕਰਨੀ ਪਵੇਗੀ।

੩. ਰਾਜਨੀਤੀ ਕਾਨਫਰੰਸ ਵਿੱਚ ਹਿੱਸਾ ਨਹੀਂ ਲੈ ਸਕਦਾ ।

੪. ਚਿੱਠੀ ਪੱਤਰ ਲਈ ਸਹਾਇਕ ਜਾਂ ਸੰਪਰਕ ਅਫਸਰ ਨਾਲ ਰਹੇਗਾ ।

**ਜੱਥੇਦਾਰਾਂ ਦੀ ਨਿਯੁਕਤੀ**

- ਕਿਸੇ ਵੀ ਜੱਥੇਦਾਰ ਦੀ ਨਿਯੁਕਤੀ ਚਾਰਾਂ ਤਖ਼ਤਾਂ ਦੀ ਸਹਿਮਤੀ ਨਾਲ ਹੀ ਹੋਵੇਗੀ ।
- ਬਾਕੀ ੧੧ ਨੁਮਾਇੰਦਗੀ ਸੰਸਥਾਵਾਂ ਰਾਏ ਪੇਸ਼ ਕਰ ਸਕਦੀਆਂ ਹਨ । ਕੋਈ ਵੀ ਅਜਿਹਾ ਵਿਅਕਤੀ ਜਿਹੜਾ ਕਦੇ ਰਾਜਨੀਤਿਕ ਚੋਣ ਲੜਿਆ ਹੋਵੇ, ਨਾ ਜਥੇਦਾਰ ਅਤੇ ਨਾ ਹੀ ਨੁਮਾਇੰਦਗੀ ਮੈਂਬਰ ਬਣ ਸਕੇਗਾ । ਧਾਰਮਿਕ ਸਲਾਹ ਦੇਣ ਦਾ ਹੱਕ ਸਭ ਸਿੱਖ ਸੰਸਥਾਵਾਂ ਨੂੰ ਹੋਵੇ ।

**ਪੰਜੇ ਤਖ਼ਤਾਂ ਦੇ ਦਫਤਰ**

- ਪੰਜਾਂ ਤਖ਼ਤਾਂ ਦੇ ਸੁਤੰਤਰ ਦਫਤਰ ਸਮੇਤ ਅਮਲਾ, ਵਿਸ਼ੇਸ਼ ਸਹਾਇਕ ਆਦਿ ਹੋਣਗੇ ਅਤੇ ਇਹ ਦਫਤਰ ਹਰ ਵੇਲੇ ਆਪਸ ਵਿੱਚ ਦੂਰ ਸੰਚਾਰ ਜ਼ਰੀਏ ਤਾਲਮੇਲ ਬਣਾਈ ਰੱਖਣਗੇ ।

ਸਿੱਖ ਜਗਤ ਸਿੱਖ ਤਖ਼ਤਾਂ ਨਾਲ ਜੁੜਕੇ ਹੀ ਅਕਾਲ ਤਖ਼ਤ ਦੀ ਸਰਬਉੱਚਤਾ ਸਾਰੀ ਦੁਨੀਆਂ ਨੂੰ ਵਿਖਾ ਸਕੇਗਾ ਅਤੇ ਦੁਨਿਆਂ ਲਈ ਚਾਨਣ ਮੁਨਾਰਾ ਬਣਿਆ ਰਹੇਗਾ ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕਾ ਫਤਹਿ ॥

¤